ਗੁਰਦਾਸਪੁਰ ਦੇ ਸਮੂਹ ਸ਼ੈਲਰ ਮਾਲਕਾਂ ਨੇ ਮੰਡੀਆਂ 'ਚੋਂ ਝੋਨਾ ਚੁੱਕਣ ਤੋਂ ਕੀਤੇ ਹੱਥ ਖੜ੍ਹੇ

ਆਰ.ਓ. ਵਾਲੇ ਟਰੱਕ ਸੰਬੰਧਿਤ ਖ਼ਰੀਦ ਏਜੰਸੀ ਵਲੋਂ ਖ਼ਾਲੀ ਨਾ ਕਰਵਾਏ ਤਾਂ ਹੋਵੇਗਾ ਤੇਜ਼ ਸੰਘਰਸ਼-ਪ੍ਰਧਾਨ ਸੈਣੀ

ਗੁਰਦਾਸਪੁਰ, 28 ਅਕਤੂਬਰ (ਅਸ਼ੋਕ ਸ਼ਰਮਾ)-ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਸ਼ੈਲਰ ਮਾਲਕਾਂ ਦੀ ਹੰਗਾਮੀ ਮੀਟਿੰਗ ਗੁਰਦਾਸਪੁਰ ਵਿਖੇ ਹੋਈ। ਮੀਟਿੰਗ 'ਚ ਆਲ ਇੰਡੀਆ ਪ੍ਰਧਾਨ ਤਰਸੇਮ ਸਿੰਘ ਸੈਣੀ, ਪੰਜਾਬ ਪ੍ਰਧਾਨ ਗੁਰਦੀਪ ਸਿੰਘ ਚੀਮਾ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਹਰੂਵਾਲ ਤੇ ਬਲਵਿੰਦਰ ਸਿੰਘ ਨਾਭਾ ਪੰਜਾਬ ਆਗੂ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਗ਼ਲਤ ਨੀਤੀ ਕਰਕੇ ਸ਼ੈਲਰ ਮਾਲਕ ਘਾਟੇ ਵੱਲ ਜਾ ਰਹੇ ਹਨ, ਕਿਉਂਕਿ ਇਸ ਵਾਰ ਗੁਰਦਾਸਪੁਰ ਜ਼ਿਲ੍ਹੇ ਅੰਦਰ ਆਏ ਹੜ੍ਹਾਂ ਤੇ ਭਾਰੀ ਮੀਂਹ ਕਾਰਨ ਝੋਨੇ ਦੇ ਝਾੜ 'ਤੇ ਮਾੜਾ ਅਸਰ ਪਿਆ ਹੈ। ਜਦੋਂ ਕਿ ਪੰਜਾਬ ਸਰਕਾਰ ਵਲੋਂ ਖ਼ਰੀਦ ਏਜੰਸੀਆਂ ਵਲੋਂ ਖ਼ਰੀਦਿਆ ਝੋਨਾ ਗੁਰਦਾਸਪੁਰ ਦੇ ਸ਼ੈਲਰ ਮਾਲਕਾਂ ਨੂੰ ਦੇਣ ਦੀ ਬਜਾਏ ਹੋਰਨਾਂ ਜ਼ਿਲ੍ਹਿਆਂ 'ਚ ਰਿਲੀਜ਼ ਆਰਡਰ ਰਾਹੀਂ ਭੇਜਿਆ ਜਾ ਰਿਹਾ ਹੈ, ਜਿਸ ਨਾਲ ਉਨ੍ਹਾਂ ਦਾ ਕਾਫ਼ੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ੈਲਰ ਮਾਲਕਾਂ ਨੂੰ ਝੋਨੇ ਦੀ ਵੰਡ ਕੀਤੀ ਗਈ ਹੈ ਜੋ ਪੂਰੀ ਨਹੀਂ ਹੋ ਸਕੀ, ਬਲਕਿ ਇਸ ਦੇ ਉਲਟ ਖ਼ਰੀਦ ਏਜੰਸੀਆਂ ਝੋਨਾ ਰਾਤੋਂ ਰਾਤ ਹੋਰ ਜ਼ਿਲ੍ਹਿਆਂ 'ਚ ਭੇਜ ਕੇ ਗੁਰਦਾਸਪੁਰ ਦੇ ਸ਼ੈਲਰ ਮਾਲਕਾ ਨੂੰ ਉੱਜੜਿਆ ਜਾ ਰਿਹਾ ਹੈ, ਜਿਸ ਨੂੰ ਸ਼ੈਲਰ ਮਾਲਕ ਬਿਲਕੁਲ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਦੱਸਿਆ ਕਿ ਖ਼ਰੀਦ ਏਜੰਸੀਆਂ ਵਲੋਂ 17 ਫ਼ੀਸਦੀ ਨਮੀ ਵਾਲੇ ਦੀ ਮਾਤਰਾ ਕਈ ਵਾਰ 18, 19, 20 ਵੀ ਹੋ ਜਾਂਦੀ ਹੈ ਤਾਂ ਉਹ ਖ਼ਰੀਦ ਏਜੰਸੀਆਂ ਦੇ ਅਧਿਕਾਰੀ ਉਹ ਵੀ ਮਾਲ ਟਰੱਕਾਂ ਰਾਹੀਂ ਬਾਹਰਲੇ ਜ਼ਿਲ੍ਹਿਆਂ 'ਚ ਭੇਜ ਦਿੰਦੇ ਹਨ, ਜਿਸ ਨਾਲ ਉਹ ਕਾਫ਼ੀ ਪ੍ਰੇਸ਼ਾਨੀ 'ਚੋਂ ਲੰਘ ਰਹੇ ਹਨ। ਇਸ ਮੌਕੇ ਉਦਯੋਗਪਤੀ ਅਮਨ ਮਿੱਤਲ, ਇੰਦਰਜੀਤ ਸਿੰਘ ਟੋਲੀ, ਸੁਖਜਿੰਦਰ ਸਿੰਘ ਗੋਹਤ ਪੋਖਰ, ਬਲਵਿੰਦਰ ਸਿੰਘ ਸਾਬੀ, ਅਜੇ ਬੇਦੀ, ਜਰਨੈਲ ਸਿੰਘ, ਜੰਗ ਫ਼ਤਿਹ ਸਿੰਘ, ਹੀਰਾ ਲਾਲ ਆਦਿ ਹਾਜ਼ਰ ਸਨ।

ਸ਼ੈਲਰ ਐਸੋਸੀਏਸ਼ਨ ਦੇ ਆਗੂ ਮੀਟਿੰਗ ਦੌਰਾਨ। ਤਸਵੀਰ: ਅਸ਼ੋਕ ਸ਼ਰਮਾ

ਸੁਆਮੀ ਸਰੂਪਾ ਨੰਦ ਯਾਦਗਾਰੀ ਖੇਡ ਮੇਲੇ ਵਿਚ ਬਾਬਾ ਨਾਮਦੇਵ ਕਲੱਬ ਘੁਮਾਣ ਦੀ ਰਹੀ ਝੰਡੀ

* ਸ਼ਕਰਪੁਰ ਕਬੱਡੀ ਕਲੱਬ ਰਿਹਾ ਦੂਸਰੇ ਸਥਾਨ 'ਤੇ * ਸੁਆਮੀ ਗੁਰਬਖ਼ਸ਼ ਦੇਵੀ ਨੇ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਕੀਤੀ ਵੰਡ

ਘੁਮਾਣ, 28 ਅਕਤੂਬਰ (ਬੰਮਰਾਹ)-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੁਆਮੀ ਸਰੂਪਾ ਨੰਦ ਯਾਦਗਾਰੀ ਅੰਤਰਰਾਸ਼ਟਰੀ ਖੇਡ ਮੇਲਾ ਨਵਾਂ ਬੱਲੜਵਾਲ ਵਿਖੇ ਕਰਵਾਇਆ ਗਿਆ। ਸੁਆਮੀ ਗੁਰਬਖਸ਼ ਦੇਵੀ ਜੀ ਦੀ ਅਗਵਾਈ 'ਚ ਕਰਵਾਏ 42ਵੇਂ ਅੰਤਰਰਾਸ਼ਟਰੀ ਖੇਡ ਮੇਲੇ ਦੇ ਪਹਿਲੇ ਦਿਨ 65 ਕਿਲੋ ਭਾਰਤ ਦੇ ਮੁਕਾਬਲੇ ਕਰਵਾਏ ਗਏ ਤੇ ਖੇਡ ਮੇਲੇ ਦੇ ਦੂਸਰੇ ਤੇ ਅਖੀਰਲੇ ਦਿਨ ਕਬੱਡੀ ਕੱਪ ਵਿਚ 4 ਅੰਤਰਰਾਸ਼ਟਰੀ ਪੱਧਰ ਦੀਆਂ ਕਬੱਡੀ ਦੀਆਂ ਟੀਮਾਂ ਨੇ ਭਾਗ ਲਿਆ। ਕਬੱਡੀ ਕੱਪ ਦਾ ਉਦਘਾਟਨ ਸੁਆਮੀ ਗੁਰਬਖਸ਼ ਦੇਵੀ ਜੀ ਵਲੋਂ ਖਿਡਾਰੀਆਂ ਨੂੰ ਅਸ਼ੀਰਵਾਦ ਦੇ ਕੇ ਕੀਤਾ। ਇਸ ਕਬੱਡੀ ਕੱਪ ਵਿਚ ਬਾਬਾ ਨਾਮਦੇਵ ਕਬੱਡੀ ਕਲੱਬ ਘੁਮਾਣ ਨੇ ਪਹਿਲਾ ਸਥਾਨ ਹਾਸਲ ਕਰਕੇ ਕਬੱਡੀ ਕੱਪ 'ਤੇ ਕਬਜ਼ਾ ਕੀਤਾ ਤੇ 1 ਲੱਖ 25 ਹਜ਼ਾਰ ਦੀ ਨਗਦ ਰਾਸ਼ੀ ਜਿੱਤੀ। ਇਹ ਨਗਦ ਰਾਸ਼ੀ ਲਾਡੀ ਯੂ.ਐੱਸ.ਏ. ਵਲੋਂ ਦਿੱਤੀ ਗਈ। ਇਸ ਦੇ ਨਾਲ ਹੀ ਸ਼ਕਰਪੁਰਾ ਕਬੱਡੀ ਕਲੱਬ ਦੂਸਰੇ ਸਥਾਨ 'ਤੇ ਰਹੀ ਤੇ 1 ਲੱਖ ਦੀ ਨਗਦ ਰਾਸ਼ੀ ਹਾਸਿਲ ਕੀਤੀ ਜੋ ਕਿ ਜੇ.ਪੀ. ਯੂ.ਐੱਸ.ਏ. ਵਲੋਂ ਦਿੱਤੀ ਗਈ। ਇਸੇ ਤਰ੍ਹਾਂ ਤੀਜੇ ਸਥਾਨ 'ਤੇ ਰਹਿਣ ਵਾਲੀ ਗੱਗੀ ਲੋਪੋਕੇ ਸੰਦੀਪ ਨੰਗਲ ਅੰਬੀਆਂ ਕਲੱਬ ਮਾਲਵਾ ਤੇ ਪਰਉਪਕਾਰੀ ਭਾਈ ਲੱਧਾ ਜੀ ਕਬੱਡੀ ਕਲੱਬ ਲੱਧੂ ਨੂੰ ਵੀ 80-80 ਹਜ਼ਾਰ ਦੀ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਰਾਸ਼ੀ ਬਨੀ ਯੂ.ਐੱਸ.ਏ. ਅਤੇ ਰਾਜਾ ਬੱਲੜਵਾਲ ਕੈਨੇਡਾ ਵਲੋਂ ਦਿੱਤੀ ਗਈ। ਇਸ ਕਬੱਡੀ ਕੱਪ ਦੌਰਾਨ ਵਧੀਆ ਧਾਵੀ ਰਵੀ ਕੈਲਰਾਮ ਤੇ ਵਧੀਆ ਜਾਫ਼ੀ ਗੋਲਾ ਸੰਧਵਾਂ ਨੂੰ 21-21 ਹਜ਼ਾਰ ਦੀ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜੇਤੂ ਖਿਡਾਰੀਆਂ ਨੂੰ ਸੁਆਮੀ ਗੁਰਬਖਸ਼ ਦੇਵੀ ਵਲੋਂ ਇਨਾਮ ਤਕਸੀਮ ਕੀਤੇ ਗਏ। ਇਸ ਦੌਰਾਨ ਅਕਾਲ ਹਸਪਤਾਲ ਘੁਮਾਣ ਤੇ ਕੇ.ਡੀ. ਹਸਪਤਾਲ ਤੇ ਬਲੱਡ ਬੈਂਕ ਪਠਾਨਕੋਟ ਵਲੋਂ ਮੁਫ਼ਤ ਮੈਡੀਕਲ ਕੈਂਪ ਲਗਾਏ ਗਏ। ਇਸ ਮੌਕੇ ਬਾਬਾ ਰਾਮਦਾਸ, ਬਾਬਾ ਕ੍ਰਿਸ਼ਨ ਨੰਦ, ਬਾਬਾ ਪ੍ਰੇਮ ਦਾਸ, ਪਰਮਜੀਤ ਸਿੰਘ ਪੰਮਾ, ਦਿਲਪ੍ਰੀਤ ਸਿੰਘ ਪ੍ਰਿੰਸ, ਰਾਜਵਿੰਦਰ ਸਿੰਘ ਰਾਜੂ ਬੱਲੜਵਾਲ ਸਾਬਕਾ ਸਰਪੰਚ, ਸੁਖਵਿੰਦਰ ਸਿੰਘ ਲਾਲੀ ਸਰਪੰਚ ਬੱਲੜਵਾਲ, ਹਰਮਿੰਦਰ ਸਿੰਘ ਡਾਲੀ, ਮਨਪ੍ਰੀਤ ਸਿੰਘ ਹੈਪੀ, ਭੁਪਿੰਦਰ ਸਿੰਘ ਜੋਤੀ, ਦਮਨਪ੍ਰੀਤ ਸਿੰਘ ਪਿੰਟੂ, ਹਰਜੋਤ ਸਿੰਘ ਰੋਹਿਤ, ਜਸ਼ਨਪ੍ਰੀਤ ਸਿੰਘ, ਰਘਬੀਰ ਸਿੰਘ ਗਿੱਲ, ਮਨਪ੍ਰੀਤ ਸਿੰਘ ਰਵੀ, ਗਗਨਪ੍ਰੀਤ ਸਿੰਘ, ਬਲਵੰਤ ਸਿੰਘ ਜੁਗਨੂੰ, ਕੈਪਟਨ ਜਸਵੰਤ ਸਿੰਘ, ਹੇਮ ਸਿੰਘ, ਅਰਵਿੰਦਰ ਸਿੰਘ ਟਾਂਡਾ, ਤਰਸੇਮ ਸਿੰਘ ਪ੍ਰਧਾਨ, ਲਾਲ ਸਿੰਘ ਮੀਤ ਪ੍ਰਧਾਨ, ਗੋਵਿੰਦਰ ਸਿੰਘ ਜਨ ਸਕੱਤਰ, ਮਾਸਟਰ ਕੁਲਵਿੰਦਰ ਸਿੰਘ ਖਜ਼ਾਨਚੀ, ਗੁਰਜੀਤ ਸਿੰਘ, ਜਸਵਿੰਦਰ ਸਿੰਘ ਬਿੱਟੂ, ਭੁਪਿੰਦਰ ਸਿੰਘ ਭੂਪਾ, ਸਤਵੰਤ ਸਿੰਘ ਨੰਬਰਦਾਰ, ਸਤਪਾਲ ਸਿੰਘ ਸੱਤਾ, ਕੁਲਵਿੰਦਰ ਸਿੰਘ, ਕੁਲਦੀਪ ਸਿੰਘ, ਸਰਬਜੀਤ ਸਿੰਘ, ਰਣਜੀਤ ਸਿੰਘ, ਮਿਹਰਬਾਨ ਸਿੰਘ, ਲਖਵਿੰਦਰ ਸਿੰਘ ਬੱਬੂ, ਸੂਬੇਦਾਰ ਮੇਹਰ ਸਿੰਘ, ਕੰਵਰਪਾਲ ਪਟਵਾਰੀ, ਸੁਰਿੰਦਰਪਾਲ ਸਿੰਘ ਐੱਸ.ਪੀ., ਰਣਜੀਤ ਸਿੰਘ ਬੰਟੀ, ਕੈਪਟਨ ਬਲਕਾਰ ਸਿੰਘ, ਦਿਆਲ ਸਿੰਘ, ਦਇਆ ਸਿੰਘ ਪੱਪੂ, ਹੀਰਾ ਸਿੰਘ, ਨਰਿੰਦਰਪਾਲ ਸਿੰਘ, ਅਮਰਜੀਤ ਸਿੰਘ, ਸੁਖਦੇਵ ਸਿੰਘ ਕਲਿਆਣਪੁਰ, ਸੁਰਿੰਦਰਪਾਲ ਸਿੰਘ, ਭੁਪਿੰਦਰ ਸਿੰਘ, ਬਲਜਿੰਦਰ ਸਿੰਘ ਨਾਟੀ ਬਟਾਲਾ ਤੋਂ ਇਲਾਵਾ ਬਾਬਾ ਨਾਮਦੇਵ ਸਪੋਰਟਸ ਕਲੱਬ ਘੁਮਾਣ ਦੇ ਸਮੁੱਚੇ ਮੈਂਬਰ, ਸੁਵਾਮੀ ਸਰੂਪਾ ਆਦਿ ਹਾਜ਼ਰ ਸਨ।

ਸੁਆਮੀ ਸਰੂਪਾ ਨੰਦ ਯਾਦਗਾਰੀ ਖੇਡ ਮੇਲੇ ਦੌਰਾਨ ਖਿਡਾਰੀਆਂ ਨੂੰ ਇਨਾਮ ਤਕਸੀਮ ਕਰਦੇ ਹੋਏ ਬਾਬਾ ਰਾਮਦਾਸ ਜੀ ਬਾਬਾ ਕ੍ਰਿਸ਼ਨਾ ਨੰਦ ਤੇ ਹੋਰ ਪਤਵੰਤੇ। ਤਸਵੀਰ : ਬੰਮਰਾਹ

ਇੰਗਲਿਸ਼ ਪਲੈਨਟ ਨੇ ਇਕ ਹੋਰ ਵਿਦਿਆਰਥੀ ਦਾ ਲਗਵਾਇਆ ਯੂ.ਕੇ. ਦਾ ਸਟੱਡੀ ਵੀਜ਼ਾ

ਯੂ.ਕੇ, ਆਸਟਰੇਲੀਆ, ਕੈਨੇਡਾ ਜਾਣ ਦੇ ਚਾਹਵਾਨ ਵਿਦਿਆਰਥੀਆਂ ਦਾ ਕਰਾਂਗੇ ਸੁਪਨਾ ਸਾਕਾਰ-ਐਮ.ਡੀ. ਰੰਧਾਵਾ

ਬਟਾਲਾ, 28 ਅਕਤੂਬਰ (ਸਤਿੰਦਰ ਸਿੰਘ)-ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀਆਂ ਉਮੀਦਾਂ 'ਤੇ ਪੂਰੀ ਤਰ੍ਹਾਂ ਖਰੇ ਉਤਰਨ ਵਾਲੀ ਈ.ਐੱਸ.ਐੱਚ. ਇੰਗਲਿਸ਼ ਪਲੈਨਟ ਵਲੋਂ ਧੜਾਧੜ ਵੀਜ਼ੇ ਲਗਾਏ ਜਾ ਰਹੇ ਹਨ। ਇਸੇ ਤਰ੍ਹਾਂ ਇਸ ਸੰਸਥਾ ਵਲੋਂ ਹਰਸਿਮਰਨਜੀਤ ਸਿੰਘ ਪੁੱਤਰ ਸਤਨਾਮ ਸਿੰਘ ਪਿੰਡ ਕਲਾਨੌਰ ਦਾ ਯੂ.ਕੇ. ਲਈ ਸਟੱਡੀ ਵੀਜ਼ਾ ਲਗਵਾ ਕੇ ਉਸ ਦਾ ਵਿਦੇਸ਼ ਪੜ੍ਹਨ ਜਾਣ ਦਾ ਸੁਪਨਾ ਸਾਕਾਰ ਕੀਤਾ ਹੈ। ਵਿਦਿਆਰਥੀ ਹਰਸਿਮਰਨਜੀਤ ਨੂੰ ਵੀਜ਼ਾ ਸੌਂਪਦਿਆਂ ਇੰਗਲਿਸ਼ ਪਲੈਨਟ ਦੇ ਐੱਮ.ਡੀ. ਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸਾਡੀ ਸੰਸਥਾ ਯੂ.ਕੇ., ਆਸਟਰੇਲੀਆ, ਕੈਨੇਡਾ ਤੇ ਹੋਰ ਦੇਸ਼ਾਂ 'ਚ ਜਾ ਕੇ ਪੜ੍ਹਾਈ ਕਰਨ ਦੇ ਚਾਹਵਾਨ ਵਿਦਿਆਰਥੀਆਂ ਦਾ ਸੁਪਨਾ ਸਾਕਾਰ ਕਰੇਗੀ। ਉਨ੍ਹਾਂ ਕਿਹਾ ਕਿ ਯੂ.ਕੇ. ਇਕ ਵਾਰ ਫਿਰ ਖੁੱਲੇ ਦਿਲ ਨਾਲ ਵੀਜ਼ੇ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਵਿਦਿਆਰਥੀ ਸੀ.ਬੀ.ਐੱਸ.ਈ. ਤੇ ਆਈ.ਸੀ.ਐੱਸ.ਈ. ਤੋਂ +2 ਪਾਸ ਹਨ ਤੇ ਚੰਗੀ ਇੰਗਲਿਸ਼ ਬੋਲ ਤੇ ਸਮਝ ਲੈਂਦੇ ਹਨ, ਵਿਦਿਆਰਥੀ ਬਗੈਰ ਆਈਲੈਟਸ ਅਤੇ ਬਗੈਰ ਇੰਟਰਵਿਊ ਵੀ ਅਪਲਾਈ ਕਰ ਸਕਦੇ ਹਨ ਤੇ ਬਹੁਤ ਹੀ ਫਾਸਟ ਪ੍ਰੋਸੈਸ ਰਾਹੀਂ ਸਿਰਫ਼ 10 ਤੋਂ 15 ਦਿਨਾਂ ਵਿਚ ਆਪਣਾ ਵੀਜ਼ਾ ਹਾਸਲ ਕਰ ਸਕਦੇ ਹਨ। ਗਰੈਜੂਏਸ਼ਨ ਪਾਸ, ਮਾਸਟਰ ਡਿਗਰੀ ਲਈ ਯੂ.ਕੇ. ਜਾ ਕੇ ਆਪਣਾ ਚੰਗਾ ਭਵਿੱਖ ਬਣਾ ਸਕਦੇ ਹਨ। ਸ: ਰੰਧਾਵਾ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਯੂ.ਕੇ. ਦੀਆਂ ਸਰਕਾਰੀ ਯੂਨੀਵਰਸਿਟੀਆਂ ਵਿਚ ਦਾਖ਼ਲਾ ਦਿਵਾਇਆ ਜਾਵੇਗਾ ਅਤੇ ਫ਼ੀਸਾਂ ਬਹੁਤ ਹੀ ਘੱਟ ਹਨ। ਇਕ ਸਾਲ ਦੀ ਪੜ੍ਹਾਈ ਹੋਵੇਗੀ ਤੇ 2 ਸਾਲ ਦਾ ਵਰਕ ਵੀਜ਼ਾ ਮਿਲੇਗਾ। ਇਸ ਦੇ ਨਾਲ ਹੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਕ ਸਾਲ ਦੀ ਪੜ੍ਹਾਈ ਕਰਨ ਉਪਰੰਤ ਵਿਦਿਆਰਥੀ ਆਪਣੇ ਸਾਥੀ (ਪਤੀ ਜਾਂ ਪਤਨੀ) ਨੂੰ ਵੀ ਯੂ.ਕੇ. ਬੁਲਾ ਸਕਦਾ ਹੈ, ਜਿਸ ਨੂੰ ਯੂ.ਕੇ. ਸਰਕਾਰ ਵਲੋਂ ਵਰਕ ਪਰਮਿਟ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਯੂ.ਕੇ. ਜਾ ਕੇ ਵਿਦਿਆਰਥੀਆਂ ਨੂੰ ਚੰਗੇ ਰੁਜ਼ਗਾਰ ਦੇ ਅਨੇਕਾਂ ਮੌਕੇ ਮਿਲਣਗੇ। ਸ: ਰੰਧਾਵਾ ਨੇ ਦੱਸਿਆ ਕਿ ਵਿਦਿਆਰਥੀਆਂ ਕੋਲੋ ਵੀਜ਼ਾ ਲੱਗਣ ਤੋਂ ਬਾਅਦ ਹੀ ਸਾਰੀ ਫ਼ੀਸ ਲਵੇਗੀ, ਪਹਿਲਾਂ ਕੋਈ ਵੀ ਪੈਸਾ ਨਹੀਂ ਲਿਆ ਜਾਵੇਗਾ। ਵਿਦਿਆਰਥੀ ਸਾਡੇ ਵਲੋਂ ਪਹਿਲਾਂ ਲਗਾਏ ਵੀਜ਼ੇ ਦੇਖ ਕੇ ਹੀ ਅਪਲਾਈ ਕਰਨ। ਇਸ ਲਈ ਵਿਦਿਆਰਥੀ ਇਸ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਇੰਗਲਿਸ਼ ਪਲੈਨਟ ਦੇ ਦਫ਼ਤਰ ਜਲੰਧਰ ਰੋਡ ਡੋਮੀਨੋਜ਼ ਵਾਲੀ ਮਾਰਕੀਟ ਬਟਾਲਾ ਵਿਖੇ ਆ ਕੇ ਮਿਲ ਸਕਦੇ ਹਨ।

ਵਿਦਿਆਰਥੀ ਹਰਸਿਮਰਨਜੀਤ ਸਿੰਘ ਨੂੰ ਯੂ.ਕੇ. ਦਾ ਸਟੱਡੀ ਵੀਜ਼ਾ ਸੌਂਪਦੇ ਐਮ.ਡੀ. ਜਤਿੰਦਰ ਸਿੰਘ ਰੰਧਾਵਾ। ਅਜੀਤ ਤਸਵੀਰ

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਰਮਕੋਟ ਰੰਧਾਵਾ ਵਿਖੇ ਬੱਚਿਆਂ ਤੇ ਅਧਿਆਪਕਾਂ ਨਾਲ ਜੱਜ ਸਾਹਿਬਾਨ ਤੇ ਹੋਰ। ਤਸਵੀਰ : ਹੀਰਾ ਸਿੰਘ ਮਾਂਗਟ

ਮਾਣਯੋਗ ਜੱਜ ਦਿਲਬਾਗ ਸਿੰਘ ਜੌਹਲ ਤੇ ਸਕੱਤਰ ਹਰਪ੍ਰੀਤ ਸਿੰਘ ਨੇ ਹੜ੍ਹ ਪ੍ਰਭਾਵਿਤ ਸਕੂਲਾਂ 'ਚ ਬੱਚਿਆਂ ਨੂੰ ਸਾਮਾਨ ਵੰਡਿਆ

ਡੇਰਾ ਬਾਬਾ ਨਾਨਕ, 28 ਅਕਤੂਬਰ (ਹੀਰਾ ਸਿੰਘ ਮਾਂਗਟ)-ਅੱਜ ਦਿਲਬਾਗ ਸਿੰਘ ਜੌਹਲ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਸਹਿਤ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੀ ਯੋਗ ਰਹਿਨੁਮਾਈ ਹੇਠ ਹਰਪ੍ਰੀਤ ਸਿੰਘ ਸੀ.ਜੇ.ਐੱਮ.-ਸਹਿਤ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵਲੋਂ ਹੜ੍ਹ ਪ੍ਰਭਾਵਿਤ ਸਕੂਲ ਜਿਵੇਂ ਕਿ ਸਰਕਾਰੀ ਪ੍ਰਾਇਮਰੀ ਤੇ ਸੀਨੀਅਰ ਸੈਕੰਡਰੀ ਸਕੂਲ ਧਰਮਕੋਟ ਰੰਧਾਵਾ, ਸਰਕਾਰੀ ਮਿਡਲ ਸਕੂਲ ਹਰੂਵਾਲ, ਸਰਕਾਰੀ ਮਿਡਲ ਸਕੂਲ ਰੱਤਾ ਅਬਦਾਲ ਤੇ ਪ੍ਰਾਇਮਰੀ ਸਕੂਲ ਧਰਮਕੋਟ ਪੱਤਣ ਦੇ ਜ਼ਰੂਰਤਮੰਦ ਬੱਚਿਆਂ ਨੂੰ ਸਟੇਸ਼ਨਰੀ ਦਾ ਸਾਮਾਨ ਵੰਡਿਆ ਗਿਆ। ਇਸ ਮੌਕੇ ਪਰਮਿੰਦਰ ਸਿੰਘ ਸੈਣੀ ਜ਼ਿਲ੍ਹਾ ਗਾਈਡੈਂਸ ਕਾਊਂਸਲਰ-ਕਮ-ਨੋਡਲ ਅਫ਼ਸਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤੇ ਸਕੂਲ ਸਟਾਫ਼ ਮੌਜੂਦ ਸੀ। ਇਨ੍ਹਾਂ ਸਕੂਲਾਂ 'ਚ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵਲੋਂ ਸਕੂਲਾਂ ਦਾ ਦੌਰਾ ਕੀਤਾ ਗਿਆ ਤੇ ਜ਼ਰੂਰਤਮੰਦ ਬੱਚਿਆਂ ਨੂੰ ਸਕੂਲ ਬੈਗ, 10 ਕਾਪੀਆਂ, 5 ਪੈਨ, 5 ਪੈਨਸਿਲ, ਇਰੇਜਰ, ਸ਼ਾਰਪਨਰ, ਪਾਣੀ ਦੀਆਂ ਬੋਤਲਾਂ ਤੇ ਜਿਉਮੈਟਰੀ ਬਾਕਸ ਆਦਿ ਵੰਡੀ ਗਈ ਹੈ ਤਾਂ ਜੋ ਬੱਚੇ ਹੜ੍ਹਾਂ ਤੋਂ ਬਾਅਦ ਹੋਏ ਨੁਕਸਾਨ ਦੇ ਬਾਵਜੂਦ ਆਪਣੀ ਪੜ੍ਹਾਈ ਜਾਰੀ ਰੱਖ ਸਕਣ। ਇਸ ਤੋਂ ਇਲਾਵਾ ਦਿਲਬਾਗ ਸਿੰਘ ਜੌਹਲ ਵਲੋਂ ਮਿਡਲ ਸਕੂਲ ਰੱਤੜ ਛੱਤੜ ਵਿਚ ਜਦੋਂ ਦੌਰਾ ਕੀਤਾ ਗਿਆ ਤਾਂ ਉਥੇ ਇਕ 6ਵੀਂ ਜਮਾਤ ਦੀ ਵਿਦਿਆਰਥਣ ਸੰਧਿਆ ਵਲੋਂ ਦੱਸਿਆ ਗਿਆ ਕਿ ਉਨ੍ਹਾਂ ਦੇ ਸਕੂਲ ਵਿਚ ਪੀਣ ਵਾਲਾ ਪਾਣੀ ਸਹੀ ਨਹੀਂ ਹੈ ਤੇ ਉਸ ਬੱਚੀ ਵਲੋਂ ਸਕੂਲ ਵਿਚ ਆਰ.ਓ. ਲਗਾਉਣ ਦੀ ਮੰਗ ਕੀਤੀ ਗਈ। ਉਸ ਬੱਚੀ ਦੀ ਬੇਨਤੀ 'ਤੇ ਸ: ਜੌਹਲ ਨੇ ਉਕਤ ਸਕੂਲ ਵਿਚ ਆਰ.ਓ. ਦਿੱਤਾ। ਉਨ੍ਹਾਂ ਸਕੂਲੀ ਬੱਚਿਆਂ ਨਾਲ ਆਪਣੇ ਜੀਵਨ ਦਾ ਤਜਰਬਾ ਸਾਂਝਾ ਕੀਤਾ ਤੇ ਵਿਦਿਆਰਥੀਆਂ ਨੂੰ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕੀਤਾ।

ਬਟਾਲਾ ਵਿਖੇ ਰਾਜ ਪੱਧਰੀ ਫੁੱਟਬਾਲ ਟੂਰਨਾਮੈਂਟ ਅੱਜ ਹੋਵੇਗਾ ਸ਼ੁਰੂ

ਵਿਧਾਇਕ ਕਲਸੀ ਕਰਨਗੇ ਉਦਘਾਟਨ

ਬਟਾਲਾ, 28 ਅਕਤੂਬਰ (ਸਤਿੰਦਰ ਸਿੰਘ)-ਪੰਜਾਬ ਟੈਕਨੀਕਲ ਇੰਸਟੀਚਿਊਟਸ ਸਪੋਰਟਸ (ਪੀ.ਟੀ.ਆਈ.ਐੱਸ) ਵਲੋਂ ਸਰਕਾਰੀ ਬਹੁਤਕਨੀਕੀ ਕਾਲਜ ਬਟਾਲਾ ਦੇ ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਦੀ ਅਗਵਾਈ ਹੇਠ ਰਾਜ ਪੱਧਰੀ ਫੁੱਟਬਾਲ ਟੂਰਨਾਮੈਂਟ ਆਈ.ਟੀ.ਆਈ. ਬਟਾਲਾ ਦੀ ਗਰਾਊਂਡ ਵਿਚ 29 ਤੇ 30 ਅਕਤੂਬਰ ਨੂੰ ਬੜੇ ਹੀ